Punjab Police

**DGP Suresh Arora honors Jasmine with laptop for getting second rank across the country in class X exams**

Chandigarh 24 May: Punjab DGP Suresh Arora today honoured Jasmine Kaur Chahal here at Punjab Police Headquarters who have secured second rank in class X ICSE examination across the country. Jasmine Kaur, student of St. Joseph Convent School at Jalandhar have secured 99 percent marks in this examination.

Giving information here today, an official spokesperson of the Punjab Police said DGP Arora congratulated Jasmine Kaur on her extraordinary achievement and expressed that her success would prove to be a source of inspiration for the students especially children studying in the schools being run under the control of Punjab Police.

Sharing his experiences, DGP Arora asked Jasmine's parents to provide more opportunities in future to this well deserving girl so that she could do better in higher education and make the Punjab proud.

On this occasion, DGP Arora and Chief Director Punjab vigilance bureau BK Uppal presented a laptop to Jasmine as a gift from the Bureau. It is mentioned here that Jasmine's father Karamvir Singh is posted as DSP Vigilance Bureau at Kapurthala and mother Gurpreet Kaur is working as English lecturer at Government Senior Secondary School Model House, Jalandhar.

Jasmine said she would study with non-medical subjects including computers in class 12th and she aspires to take admission in IIT.

After passing class 12th examination. He revealed that she has got this achievement due to her persistent hard work as inspired by her parents.

Prominent among others present on the occasion included DGP Administration M.K. Tiwari, ADGP Welfare, Sanjeev Kumar Kalra, ADGP Litigation Gurpreet Kaur Deo and SSP Vigilance Bureau Jalandhar Daljinder Singh Dhillon along with the girl's parents.

# ਪੰਜਾਬ ਪੁਲਿਸ

## ਡੀ.ਜੀ.ਪੀ ਸੁਰੇਸ਼ ਅਰੋੜਾ ਵੱਲੋਂ ਦਸਵੀਂ ਜਮਾਤ 'ਚੋਂ ਦੇਸ਼ 'ਚ ਦੂਜੇ ਨੰਬਰ 'ਤੇ ਰਹੀ ਜੈਸਮੀਨ ਕੌਰ ਦਾ ਸਨਮਾਨ ਤੇ ਤੋਹਫੇ ਵਜੋਂ ਲੈਪਟਾਪ ਪ੍ਰਦਾਨ

ਚੰਡੀਗੜ੍ਹ 24 ਮਈ: ਪੰਜਾਬ ਪੁਲਸ ਦੇ ਡੀ.ਜੀ.ਪੀ. ਸੁਰੇਸ਼ ਅਰੋੜਾ ਨੇ ਅੱਜ ਆਈ.ਸੀ.ਐੱਸ.ਈ. ਦੀ ਦਸਵੀਂ ਜਮਾਤ ਦੇ ਨਤੀਜੇ ਵਿੱਚੋਂ ਪੂਰੇ ਦੇਸ਼ ਵਿੱਚ ਦੂਜੇ ਨੰਬਰ 'ਤੇ ਆਈ ਵਿਦਿਆਰਥਣ ਜੈਸਮੀਨ ਕੌਰ ਚਾਹਲ ਦਾ ਅੱਜ ਇੱਥੇ ਪੰਜਾਬ ਪੁਲਿਸ ਹੈਡ ਕੁਆਰਟਰ ਵਿਖੇ ਸਨਮਾਨ ਕੀਤਾ। ਸੇਂਟ ਜੋਸਫ ਕਾਨਵੈਂਟ ਸਕੂਲ ਜਲੰਧਰ ਦੀ ਵਿਦਿਆਰਥਣ ਜੈਸਮੀਨ ਨੇ ਇਸ ਪ੍ਰੀਖਿਆ ਵਿੱਚ 99 ਫੀਸਦੀ ਅੰਕ ਪ੍ਰਾਪਤ ਕੀਤੇ ਹਨ।

ਅੱਜ ਇੱਥੇ ਇਹ ਜਾਣਕਾਰੀ ਦਿੰਦਿਆਂ ਪੰਜਾਬ ਪੁਲਿਸ ਦੇ ਬੁਲਾਰੇ ਨੇ ਦੱਸਿਆ ਕਿ ਇਸ ਮੌਕੇ ਡੀ.ਜੀ.ਪੀ. ਨੇ ਵਿਦਿਆਰਥਣ ਜੈਸਮੀਨ ਕੌਰ ਨੂੰ ਵਧਾਈ ਦਿੰਦਿਆਂ ਆਖਿਆ ਕਿ ਪੰਜਾਬ ਦੀ ਇਸ ਹੋਣਹਾਰ ਵਿਦਿਆਰਥਣ ਦੀ ਇਹ ਵਿਲੱਖਣ ਪ੍ਰਾਪਤੀ ਪੰਜਾਬ ਖਾਸ ਕਰਕੇ ਪੰਜਾਬ ਪੁਲਿਸ ਦੇ ਪ੍ਰਬੰਧ ਹੇਠ ਚੱਲਦੇ ਸਕੂਲਾਂ ਦੇ ਬੱਚਿਆਂ ਲਈ ਪ੍ਰੇਰਣਾ ਸਰੋਤ ਸਾਬਤ ਹੋਵੇਗੀ। ਡੀ.ਜੀ.ਪੀ. ਨੇ ਇਸ ਮੌਕੇ ਆਪਣੀ ਪੜ੍ਹਾਈ ਅਤੇ ਨੌਕਰੀ ਦੌਰਾਨ ਤਜ਼ਰਬੇ ਸਾਂਝੇ ਕਰਦਿਆਂ ਜੈਸਮੀਨ ਅਤੇ ਉਸਦੇ ਮਾਪਿਆਂ ਨੂੰ ਕਿਹਾ ਕਿ ਉਹ ਇਸ ਹੋਣਹਾਰ ਵਿਦਿਆਰਥਣ ਨੂੰ ਭਵਿੱਖ ਵਿੱਚ ਵੀ ਬਿਹਤਰ ਮੌਕੇ ਮੁਹੱਈਆ ਕਰਵਾਉਣ ਤਾਂ ਜੋ ਉਹ ਉਚੇਰੀ ਪੜ੍ਹਾਈ ਦੌਰਾਨ ਹੋਰ ਵੱਡੀਆਂ ਮੱਲਾਂ ਮਾਰ ਸਕੇ ਅਤੇ ਪੰਜਾਬ ਦਾ ਨਾਂ ਰੌਸ਼ਨ ਕਰ ਸਕੇ।

ਡੀ.ਜੀ.ਪੀ. ਅਰੋੜਾ ਅਤੇ ਪੰਜਾਬ ਵਿਜੀਲੈਂਸ ਬਿਊਰੋ ਦੇ ਚੀਫ ਡਾਇਰੈਕਟਰ ਬੀ.ਕੇ. ਉੱਪਲ ਨੇ ਇਸ ਮੌਕੇ ਜੈਸਮੀਨ ਨੂੰ ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਇਕ ਲੈਪਟਾਪ ਵੀ ਤੋਹਫ਼ੇ ਵਜੋਂ ਭੇਟ ਕੀਤਾ। ਦੱਸਣਯੋਗ ਹੈ ਕਿ ਜੈਸਮੀਨ ਦੇ ਪਿਤਾ ਕਰਮਵੀਰ ਸਿੰਘ ਡੀ.ਐੱਸ.ਪੀ. ਵਿਜੀਲੈਂਸ ਬਿਊਰੋ ਕਪੂਰਥਲਾ ਅਤੇ ਮਾਤਾ ਗੁਰਪ੍ਰੀਤ ਕੌਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਾਡਲ ਹਾਊਸ ਜਲੰਧਰ ਵਿਖੇ ਅੰਗਰੇਜ਼ੀ ਦੇ ਲੈਕਚਰਾਰ ਹਨ।

ਇਸ ਮੌਕੇ ਜੈਸਮੀਨ ਨੇ ਦੱਸਿਆ ਕਿ ਉਹ ਬਾਰ੍ਹਵੀਂ ਜਮਾਤ ਨਾਨ-ਮੈਡੀਕਲ ਵਿਸ਼ਿਆਂ ਸਮੇਤ ਕੰਪਿਊਟਰ ਦੀ ਪੜ੍ਹਾਈ ਕਰੇਗੀ। ਬਾਰ੍ਹਵੀਂ ਤੋਂ ਬਾਅਦ ਉਸ ਦਾ ਇਰਾਦਾ ਆਈ.ਆਈ.ਟੀ. ਵਿੱਚ ਦਾਖ਼ਲਾ ਪ੍ਰਾਪਤ ਕਰਨ ਦਾ ਹੈ। ਉਸ ਨੇ ਦੱਸਿਆ ਕਿ ਲਗਾਤਾਰ ਸਖ਼ਤ ਮਿਹਨਤ ਕਰਦੇ ਰਹਿਣ ਕਾਰਨ ਹੀ ਉਸ ਨੂੰ ਇਹ ਪ੍ਰਾਪਤੀ ਹਾਸਲ ਹੋਈ ਹੈ।

ਇਸ ਮੌਕੇ ਹਾਜ਼ਰ ਡੀ.ਜੀ.ਪੀ. ਪ੍ਰਬੰਧ ਐਮ.ਕੇ. ਤਿਵਾੜੀ, ਏ.ਡੀ.ਜੀ.ਪੀ ਭਲਾਈ ਸੰਜੀਵ ਕੁਮਾਰ ਕਾਲੜਾ, ਏ.ਡੀ.ਜੀ.ਪੀ. ਲਿਟੀਗੇਸ਼ਨ ਗੁਰਪ੍ਰੀਤ ਕੌਰ ਦਿਓ ਅਤੇ ਐਸ.ਐਸ.ਪੀ. ਵਿਜੀਲੈਂਸ ਬਿਊਰੋ ਜਲੰਧਰ ਦਿਲਜਿੰਦਰ ਸਿੰਘ ਢਿੱਲੋਂ ਸਮੇਤ ਲੜਕੀ ਦੇ ਮਾਤਾ-ਪਿਤਾ ਵੀ ਮੌਕੇ 'ਤੇ ਹਾਜ਼ਰ ਸਨ।